ਬਾਹੁਕਮ ਮਾਨਯੋਗ ਕੁਲੈਕਟਰ ਸਾਹਿਬ ਫਿਰੋਜ਼ਪੁਰ ਜ਼ੋਨ, ਫਿਰੋਜ਼ਪੁਰ ਮਿਤੀ 23.07.2025 ਜਿਸ ਵਿਚ ਵਸੂਲੀ ਲਈ ਬਾਕੀਦਾਰ ਸ੍ਰੀ ਜਸਵੀਰ ਸਿੰਘ ਪੁੱਤਰ ਹੁਕਮ ਸਿੰਘ ਆਬਕਾਰੀ ਗਰੁੱਪ ਸਰਾਏਨਾਗਾ, ਵਾਸੀ ਪਿੰਡ ਖੋਖਰ, ਤਹਿਸੀਲ ਅਤੇ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਖੇਵਟ ਨੰਬਰ 38, 481 ਖਤੌਨੀ ਨੰਬਰ 60, 740 ਹਿੱਸਾ 29 ਕਨਾਲਾਂ 8 ਮਰਲੇ ਦੀ ਨਿਲਾਮੀ ਸਬੰਧੀ ਖੁੱਲ੍ਹੀ ਬੋਲੀ ਮਿਤੀ 13.08.2026 ਨੂੰ ਸਵੇਰੇ 11.00 ਵਜੇ ਦਫਤਰ ਆਬਕਾਰੀ ਅਫਸਰ, ਸ੍ਰੀ ਮੁਕਤਸਰ ਸਾਹਿਬ ਵਿਖੇ ਜਾਇਦਾਦ ਨਿਲਾਮ ਕੀਤੀ ਜਾਵੇਗੀ। ਪਬਲਿਕ ਦੇ ਸਭ ਆਦਮੀਆਂ ਨੂੰ ਖੁੱਲ੍ਹ ਹੈ ਕਿ ਆਪ ਆਪਣੇ ਮੁਖਤਿਆਰ ਰਾਹੀਂ ਬੋਲੀ ਦੇ ਸਕਦੇ ਹਨ।

ਸਹੀ/- ਸਹਾਇਕ ਕਮਿਸ਼ਨਰ (ਆਬਕਾਰੀ),
ਫਰੀਦਕੋਟ ਰੇਂਜ, ਫਰੀਦਕੋਟ।

DPR/Pb/3790/12/2026-27/13762

PSPCL Punjab State Power Corporation Limited

(Offi: AddlSE/DS Division, PSPCL Bagha Purana)
Mobile No. 96461-14522 E-Mail xen_baghapurana79@yahoo.com

ਟੈਂਡਰ ਇਨਕੁਆਰੀ ਨੰ. 03/2026-27 ਮਿਤੀ: 29.07.2026

ਦਫਤਰ: ਸਹਾ.ਕਾ.ਕਾ: ਇੰਜ./ਵੰਡ ਉਪ ਮੰਡਲ ਸਮਾਧ ਭਾਈ ਅਧੀਨ ਵਧੀਕ ਨਿਗਰਾਨ ਇੰਜੀਨੀਅਰ, ਵੰਡ ਮੰਡਲ, ਪੀ.ਐਸ.ਪੀ.ਸੀ.ਐਲ. ਬਾਘਾ ਪੁਰਾਣਾ ਦੇ ਦਫਤਰ ਲਈ: 1 ਨੰ: (ਇੱਕ ਨੰ:) ਗੱਡੀ ਮਹਿੰਦਰਾ ਬੋਲੈਰੋ ਡਬਲ ਡੋਰ/ਮਹਿੰਦਰਾ ਜੀਨੀਅਸ ਡਬਲ ਡੋਰ/ਟਾਟਾ 207/408 ਡਬਲ ਡੋਰ ਜਾਂ ਇਸ ਦੇ ਬਰਾਬਰ ਕੀਮਤ) ਇਕ ਸਾਲ ਲਈ ਠੇਕੇ ਦੇ ਆਧਾਰ ਤੇ ਲੈਣ ਸਬੰਧੀ (ਗੱਡੀ 4 ਸਾਲ ਤੋਂ ਵੱਧ ਪੁਰਾਣੀ ਨਹੀਂ ਹੋਣੀ ਚਾਹੀਦੀ।)

ਟੈਂਡਰ ਵੇਚਣ ਦੀ ਆਖਰੀ ਮਿਤੀ:	11.08.2025, ਸਮਾਂ 02.00 PM ਤੱਕ
ਟੈਂਡਰ ਪ੍ਰਾਪਤ ਕਰਨ ਦੀ ਮਿਤੀ:	12.08.2026, ਸਮਾਂ 01.00 PM ਤੱਕ
ਟੈਂਡਰ ਖੋਲ੍ਹਣ ਦੀ ਮਿਤੀ:	12.08.2026, ਸਮਾਂ 03.00 PM ਤੱਕ
ਟੈਂਡਰ ਦੀ ਕੀਮਤ:	1180/- ਰੁਪਏ

ਨੋਟ:- ਜੇਕਰ ਕਿਸੇ ਕਾਰਨ ਕਰਕੇ ਟੈਂਡਰ ਪ੍ਰਕਿਰਿਆ ਪੂਰੀ ਨਹੀਂ ਹੁੰਦੀ ਤਾਂ ਇਸ ਸਬੰਧੀ ਕੋਰੀਜੰਡਮ ਅਖ਼ਬਾਰਾਂ ਵਿਚ ਪ੍ਰਕਾਸ਼ਿਤ ਨਹੀਂ ਕੀਤਾ ਜਾਵੇਗਾ। C754/26 DPR/Pb/1079/12/2026-27/13787

ਟੈਂਡਰ ਨੋਟਿਸ

ਪੰਜਾਬ ਮੰਡੀ ਬੋਰਡ, ਬਠਿੰਡਾ

ਦਫ਼ਤਰ ਜ਼ਿਲ੍ਹਾ ਮੰਡੀ ਅਫਸਰ ਬਠਿੰਡਾ ਵੱਲੋਂ ਜ਼ਿਲ੍ਹਾ ਬਠਿੰਡਾ ਅਧੀਨ ਆਉਂਦੀ ਮਾਰਕੀਟ ਕਮੇਟੀ, ਬਠਿੰਡਾ ਦੀ ਸਬਜ਼ੀ ਮੰਡੀ ਵਿਖੇ ਬਣੇ ਪੈਕ ਹਾਊਸ ਨੂੰ 5 ਸਾਲ ਲਈ ਮਿਤੀ 20.08.2026 ਤੋਂ ਮਿਤੀ 19.08.2031 ਤੱਕ ਠੇਕੇ ਤੇ ਦੇਣ ਲਈ ਈ-ਟੈਂਡਰਿੰਗ ਪ੍ਰਣਾਲੀ ਰਾਹੀਂ ਟੈਂਡਰ ਮੰਗੇ ਜਾਂਦੇ ਹਨ:

ਸਮਾਂ ਸਾਰਣੀ :-

ਵੇਰਵਾ	ਮਿਤੀ	ਸਮਾਂ
ਟੈਂਡਰ ਜਾਰੀ ਕਰਨ ਦੀ ਮਿਤੀ ਅਤੇ ਸਮਾਂ	30.07.2026	10.00 ਵਜੇ ਸਵੇਰੇ
ਟੈਂਡਰ ਸਬੰਧੀ ਪੂੱਛਗਿੱਛ ਲਈ ਆਖਰੀ ਮਿਤੀ ਅਤੇ ਸਮਾਂ	17.08.2026	03.00 ਵਜੇ ਬਾ.ਦੁ.
ਟੈਂਡਰ ਭਰੇ ਜਾਣ ਦੀ ਆਖਰੀ ਮਿਤੀ ਅਤੇ ਸਮਾਂ	17.08.2026	03.00 ਵਜੇ ਬਾ.ਦੁ.
ਤਕਨੀਕੀ ਬਿੱਡ ਖੋਲ੍ਹਣ ਦੀ ਮਿਤੀ ਅਤੇ ਸਮਾਂ	18.08.2026	11.00 ਵਜੇ ਸਵੇਰੇ
ਵਿੱਤੀ ਬਿੱਡ ਖੋਲ੍ਹਣ ਦੀ ਮਿਤੀ ਅਤੇ ਸਮਾਂ	18.08.2026	03.00 ਵਜੇ ਬਾ.ਦੁ.

ਇਨ੍ਹਾਂ ਟੈਂਡਰਾਂ ਦੀਆਂ ਸ਼ਰਤਾਂ, ਕੁੱਲ ਰਕਮ, ਬਿਆਨਾ ਰਕਮ ਅਤੇ ਬਿੱਡ ਡਾਕੂਮੈਂਟ ਆਦਿ ਦਾ ਵੇਰਵਾ ਵੈੱਬਸਾਈਟ www.eproc.punjab.gov.in 'ਤੇ ਉਪਲਬਧ ਹਨ ਅਤੇ ਇਸ ਵੈੱਬਸਾਈਟ 'ਤੇ ਹੀ ਟੈਂਡਰ ਭਰਿਆ ਜਾਵੇ। ਟੈਂਡਰਾਂ ਸਬੰਧੀ ਕੋਈ ਵੀ ਕੋਰੀਜੰਡਮ ਇਸ ਵੈੱਬਸਾਈਟ 'ਤੇ ਹੀ ਅਪਲੋਡ ਕੀਤਾ ਜਾਵੇਗਾ।

ਸਹੀ/- ਜ਼ਿਲ੍ਹਾ ਮੰਡੀ ਅਫਸਰ,
ਬਠਿੰਡਾ।

DPR/Pb/2222/12/2026-27/13772

ਸਰਕਾਰੀ ਵਿਭਾਗਾਂ ਸਮੇਤ ਦਿਲਚਸਪੀ ਰੱਖਣ ਵਾਲੀਆਂ ਧਿਰਾਂ ਆਪਣੇ ਟੈਂਡਰ (ਬੋਲੀ) ਨਿਰਧਾਰਤ ਫਾਰਮੈਟਾਂ ਵਿਚ ਦੋ ਵੱਖ-ਵੱਖ ਲਿਫਾਫਿਆਂ ਵਿਚ, ਜਿਵੇਂ ਕਿ ਤਕਨੀਕੀ ਬੋਲੀ ਅਤੇ ਵਿੱਤੀ ਬੋਲੀ, ਸਾਈਟ ਦੇ ਪੂਰੇ ਵੇਰਵੇ, ਸਰਕਾਰੀ ਏਜੰਸੀਆਂ ਦੁਆਰਾ ਪ੍ਰਵਾਨਿਤ ਸਾਈਟ ਯੋਜਨਾ, ਮਲਕੀਅਤ ਦਾ ਸਬੂਤ ਅਤੇ ਕਿਰਾਏ ਦੀਆਂ ਦਰਾਂ ਦੇ ਵੇਰਵੇ ਅਤੇ ਹੋਰ ਸਬੰਧਤ ਨਿਯਮਾਂ ਅਤੇ ਸ਼ਰਤਾਂ ਦੇ ਕੇ ਜਮ੍ਹਾਂ ਕਰਵਾ ਸਕਦੀਆਂ ਹਨ। ਟੈਂਡਰ ਬੋਲੀ/Bid) ਦੇ ਫਾਰਮ ਇਸ ਦਫਤਰ ਤੋਂ 03.08.2026 ਤੋਂ 02.09.2026 ਤੱਕ ਕਿਸੇ ਵੀ ਕੰਮਕਾਜ ਵਾਲੇ ਦਿਨ ਦੁਪਹਿਰ 3.00 ਵਜੇ ਤੱਕ ਪ੍ਰਾਪਤ ਕੀਤੇ ਜਾ ਸਕਦੇ ਹਨ ਜਾਂ ਵੈੱਬਸਾਈਟ https://drt.gov.in/#/allnotice ਤੋਂ ਡਾਊਨਲੋਡ ਕੀਤੇ ਜਾ ਸਕਦੇ ਹਨ।

ਸਾਰੇ ਪੱਖਾਂ ਤੋਂ ਮੁਕੰਮਲ ਟੈਂਡਰ (ਬੋਲੀ /Bid) ਦੇ ਫਾਰਮ ਸੀਲਬੰਦ ਲਿਫਾਫਿਆਂ ਵਿਚ ਜਮ੍ਹਾਂ ਕਰਵਾਏ ਜਾਣ, ਜਿਨ੍ਹਾਂ ਉੱਤੇ "OFFER FOR DRTs PREMISES, TECHNICAL/FINANCIAL BID" (DRTs ਦੀ ਇਮਾਰਤ ਲਈ ਪੇਸ਼ਕਸ਼, ਤਕਨੀਕੀ/ਵਿੱਤੀ ਬੋਲੀ) ਲਿਖਿਆ ਹੋਵੇ ਤਾਂ ਜੋ ਇਹ ਉਪਰੋਕਤ ਪਤੇ 'ਤੇ ਹਸਤਾਖਰਕਰਤਾ ਕੋਲ 03.09.2026 ਨੂੰ ਸ਼ਾਮ 04.30 ਵਜੇ ਤੱਕ ਪਹੁੰਚ ਜਾਣ। ਤਕਨੀਕੀ ਬੋਲੀਆਂ 07.09.2026 ਨੂੰ ਦੁਪਹਿਰ 02.30 ਵਜੇ ਖੋਲ੍ਹੀਆਂ ਜਾਣਗੀਆਂ। ਜੇਕਰ ਕੋਈ ਬੋਲੀਕਾਰ ਤਕਨੀਕੀ ਬੋਲੀ ਖੋਲ੍ਹਣ ਸਮੇਂ ਮੌਜੂਦ ਰਹਿਣਾ ਚਾਹੁੰਦਾ ਹੈ ਤਾਂ ਉਹ ਨਿਰਧਾਰਤ ਸਮੇਂ 'ਤੇ ਇਸ ਪ੍ਰਕਿਰਿਆ ਵਿਚ ਸ਼ਾਮਲ ਹੋ ਸਕਦਾ ਹੈ। ਕਿਸੇ ਵੀ ਸੂਰਤ ਵਿਚ ਵਿਚੋਲਗੀ /middleman/ਕਮਿਸ਼ਨ ਏਜੰਟ/brokerage ਲਈ ਕੋਈ ਭੁਗਤਾਨ ਨਹੀਂ ਕੀਤਾ ਜਾਵੇਗਾ ਅਤੇ ਪ੍ਰਾਪਰਟੀ ਡੀਲਰਾਂ/brokers/ਐਸੋਸੀਏਸ਼ਨਾਂ ਆਦਿ ਤੋਂ ਪ੍ਰਾਪਤ ਟੈਂਡਰਾਂ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। ਸਰਕਾਰ ਕੋਲ ਬਿਨਾਂ ਕੋਈ ਕਾਰਨ ਦੱਸੇ ਸਾਰੀਆਂ ਜਾਂ ਕਿਸੇ ਵੀ ਬੋਲੀ ਨੂੰ ਰੱਦ ਕਰਨ ਦਾ ਅਧਿਕਾਰ ਰਾਖਵਾਂ ਹੈ।

(ਸੰਜੀਵ ਕੁਮਾਰ ਸ਼ਰਮਾ)
ਰਜਿਸਟਰਾਰ, ਆਈ/ਸੀ

ਮਿਤੀ: 29 ਜੁਲਾਈ, 2026

ਵਾਕ-ਇਨ ਇੰਟਰਵਿਊ ਨੋਟਿਸ

ਪੂਰੀ ਤਰ੍ਹਾਂ ਠੇਕੇ ਦੇ ਆਧਾਰ 'ਤੇ ਮੈਟਰਨ ਦੇ ਅਹੁਦੇ 'ਤੇ ਭਰਤੀ ਲਈ 05 ਅਗਸਤ 2026 ਨੂੰ ਸਵੇਰੇ 10.00 ਵਜੇ ਤੋਂ 2.00 ਵਜੇ ਤੱਕ ਹੇਠ ਹਸਤਾਖਰਿਤ ਦੇ ਦਫ਼ਤਰ ਵਿਚ ਵਾਕ-ਇਨ ਇੰਟਰਵਿਊ ਹੋਣੀ ਤੈਅ ਹੈ।

ਯੋਗਤਾ ਮਾਪਦੰਡ:

• ਬਿਨੈਕਾਰ ਦਾ ਘੱਟੋ-ਘੱਟ 10ਵੀਂ ਜਮਾਤ (ਮੈਟ੍ਰਿਕ) ਕਿਸੇ ਮਾਨਤਾ ਪ੍ਰਾਪਤ ਬੋਰਡ ਤੋਂ ਪਾਸ ਹੋਣਾ ਚਾਹੀਦਾ ਹੈ।

ਉਮੀਦਵਾਰ ਦੀ ਇੰਟਰਵਿਊ ਦੀ ਮਿਤੀ 'ਤੇ 35 ਤੋਂ 55 ਸਾਲ ਦੀ ਉਮਰ ਸੀਮਾ ਦੇ ਅੰਦਰ ਆਉਣਾ ਚਾਹੀਦਾ ਹੈ।

• ਸਿਰਫ਼ ਉਹੀ ਮਹਿਲਾ ਉਮੀਦਵਾਰ ਜੋ ਵਿਆਹੀਆਂ, ਵਿਧਵਾ ਜਾਂ ਤਲਾਕਸ਼ੁਦਾ ਹਨ, ਅਰਜ਼ੀ ਦੇਣ ਦੇ ਯੋਗ ਹਨ।

ਉਮੀਦਵਾਰ ਕੋਲ ਕੋਈ ਵੀ ਨਿਰਭਰ ਜ਼ਿੰਮੇਵਾਰੀਆਂ (ਬੋਝ) ਨਹੀਂ ਹੋਣੀਆਂ ਚਾਹੀਦੀਆਂ ਜੋ ਉਸ ਦੇ ਫਰਜ਼ਾਂ ਵਿਚ ਰੁਕਾਵਟ ਪਾ ਸਕਦੀਆਂ ਹਨ।

ਮਹੱਤਵਪੂਰਨ ਹਦਾਇਤਾਂ:

• ਦਿਲਚਸਪੀ ਰੱਖਣ ਵਾਲੇ ਅਤੇ ਯੋਗ ਉਮੀਦਵਾਰਾਂ ਨੂੰ ਇੰਟਰਵਿਊ ਲਈ ਨਿਰਧਾਰਤ ਮਿਤੀ ਅਤੇ ਸਮੇਂ 'ਤੇ ਸਥਾਨ 'ਤੇ ਰਿਪੋਰਟ ਕਰਨੀ ਚਾਹੀਦੀ ਹੈ।

ਉਮੀਦਵਾਰਾਂ ਨੂੰ ਉਮਰ, ਵਿਦਿਅਕ ਯੋਗਤਾ ਅਤੇ ਵਿਆਹੁਤਾ ਸਥਿਤੀ ਦੇ ਸਬੂਤ ਸਮੇਤ ਆਪਣੇ ਪ੍ਰਸੰਸਾ ਪੱਤਰਾਂ ਦੀਆਂ ਸਵੈ-ਪ੍ਰਮਾਣਿਤ ਫੋਟੋਕਾਪੀਆਂ ਦੇ ਨਾਲ ਸਾਰੇ ਅਸਲ ਸਰਟੀਫਿਕੇਟ/ਦਸਤਾਵੇਜ਼ ਲਿਆਉਣ ਦੀ ਲੋੜ ਹੈ।

• ਇੰਟਰਵਿਊ ਵਿਚ ਸ਼ਾਮਲ ਹੋਣ ਲਈ ਕੋਈ ਵੱਖਰਾ ਕਾਲ ਲੈਟਰ ਜਾਰੀ ਨਹੀਂ ਕੀਤਾ ਜਾਵੇਗਾ।

• ਇਹ ਨਿਯੁਕਤੀ ਪੂਰੀ ਤਰ੍ਹਾਂ ਅਸਥਾਈ ਅਤੇ ਇਕਰਾਰਨਾਮੇ ਵਾਲੀ ਪ੍ਰਕਿਰਤੀ ਦੀ ਹੈ ਅਤੇ ਭਵਿੱਖ ਵਿਚ ਸਥਾਈ ਨਿਯੁਕਤੀ ਲਈ ਕੋਈ ਦਾਅਵਾ ਨਹੀਂ ਕੀਤਾ ਜਾਵੇਗਾ।

ਹਸਤਾਖਰ ਕਰਨ ਵਾਲੇ ਕੋਲ ਬਿਨਾਂ ਕੋਈ ਕਾਰਨ ਦੱਸੇ ਕਿਸੇ ਵੀ ਅਰਜ਼ੀ ਨੂੰ ਸਵੀਕਾਰ ਜਾਂ ਰੱਦ ਕਰਨ ਦਾ ਅਧਿਕਾਰ ਰਾਖਵਾਂ ਹੈ।

(ਹਰੀਸ਼ ਚੰਦ ਮੀਣਾ)
ਪ੍ਰਿੰਸੀਪਲ ਇੰਚਾਰਜ,
ਜਵਾਹਰ ਨਵੋਦਿਆ ਵਿਦਿਆਲਿਆ,
ਫਰੌਰ, ਫ਼ਤਹਿਗੜ੍ਹ ਸਾਹਿਬ।

ਪੰਜਾਬ ਐਂਡ ਸਿੰਧ ਬੈਂਕ

(ਭਾਰਤ ਸਰਕਾਰ ਦਾ ਅਦਾਰਾ)
ਬ੍ਰਾਂਚ ਆਫਿਸ: ਪੰਜੌਲੀ ਕਲਾਂ ਜ਼ਿਲ੍ਹਾ ਫਤਹਿਗੜ੍ਹ ਸਾਹਿਬ-147001
E-Mail: p1203@psb.bank.in

ਈ-ਨਿਲਾਮੀ ਵਿਕਰੀ ਸੂਚਨਾ

ਅਚੱਲ ਪ੍ਰਾਪਰਟੀ ਦੀ ਵਿਕਰੀ ਲਈ ਈ-ਨਿਲਾਮੀ ਵਾਸਤੇ ਜਨਤਕ ਸੂਚਨਾ

ਈ-ਨਿਲਾਮੀ ਰਾਹੀਂ 08.09.2026 ਨੂੰ ਸਵੇਰੇ 11.00 ਵਜੇ ਤੋਂ ਦੁਪ: 12.00 ਵਜੇ
ਬਿਆਨਾ ਰਕਮ ਤੇ ਦਸਤਾਵੇਜ਼ (ਆਨਲਾਈਨ) ਜਮ੍ਹਾਂ ਕਰਵਾਉਣ ਲਈ ਅੰਤਿਮ ਮਿਤੀ ਤੇ ਸਮਾਂ: 07.09.2026 ਨੂੰ ਸ਼ਾਮੀ 5.00 ਵਜੇ ਤੱਕ
ਪ੍ਰਾਪਰਟੀ ਦੇ ਨਿਰੀਖਣ ਦੀ ਮਿਤੀ: 02.09.2026 ਨੂੰ ਸਵੇਰੇ 11.00 ਵਜੇ ਤੋਂ ਦੁਪ: 12.00 ਵਜੇ

ਦੀ ਸਕਿਓਰਿਟਾਈਜ਼ੇਸ਼ਨ ਐਂਡ ਰੀਕੰਸਟਰਕਸ਼ਨ ਆਫ ਫਾਇਨਾਂਸ਼ੀਅਲ ਐਸਟਸ ਐਂਡ ਐਨਫੋਰਸਮੈਂਟ ਆਫ ਸਕਿਓਰਿਟੀ ਇੰਟਰਸਟ ਐਕਟ, 2002 ਦੇ ਰਹਿਤ ਅਚੱਲ ਅਸਾਸਿਆਂ ਦੀ ਵਿਕਰੀ ਸੂਚਨਾ

ਜਦਕਿ ਹੇਠ ਦਰਸਾਏ ਵੇਰਵੇ ਦੇ ਅਨੁਰੂਪ ਬੈਂਕ ਦੀ ਦੇਣਦਾਰੀ ਤੇ ਵਿਆਜ ਦੀ ਵਸੂਲੀ ਕਰਨ ਲਈ **"ਜਿਵੇਂ ਹੈ" "ਜਿੱਥੇ ਹੈ" ਅਤੇ "ਜਿਸ ਵੀ ਹਾਲਤ ਵਿਚ ਹੈ" ਅਤੇ "ਜੋ ਵੀ ਹੈ"** ਆਧਾਰ 'ਤੇ ਵੇਚਣ ਦੇ ਅਧਿਕਾਰ ਸਹਿਤ ਨਿਮਨ ਲੋਨ ਖਾਤੇ ਪ੍ਰਤੀ ਜਾਰੀ ਕੀਤੇ ਗਏ ਨੋਟਿਸ ਦੇ ਅਨੁਰੂਪ ਨਿਮਨ ਪ੍ਰਾਪਰਟੀ ਨੂੰ **ਪੰਜਾਬ ਐਂਡ ਸਿੰਧ ਬੈਂਕ** ਦੇ ਅਧਿਕਾਰਤ ਅਫਸਰ ਵੱਲੋਂ ਕਬਜ਼ੇ ਵਿਚ ਲੈ ਲਿਆ ਗਿਆ ਹੈ ਤੇ ਦੇਣਦਾਰੀ ਦੀ ਵਸੂਲੀ ਕਰਨ ਦਾ ਨਿਮਨਹਸਤਾਖਰੀ ਵੱਲੋਂ ਪ੍ਰਸਤਾਵ ਹੈ। ਕਰਜ਼ਦਾਰ/ਗਾਰੰਟਰ/ਗਿਰਵੀਦਾਤਾ/ਸੁਰੱਖਿਅਤ ਅਸਾਸੇ/ਦੇਣਦਾਰੀ/ਰਾਖਵੀਂ ਕੀਮਤ/ਈ-ਨਿਲਾਮੀ ਮਿਤੀ ਤੇ ਸਮਾਂ, ਬਿਆਨਾ ਰਕਮ ਤੇ ਬੋਲੀ ਵਾਧਾ ਰਕਮ ਦਾ ਵੇਰਵਾ ਨਿਮਨ ਹੈ। ਵਿਕਰੀ ਨਿਮਨਹਸਤਾਖਰੀ ਵੱਲੋਂ ਵੈੱਬ ਪੋਰਟਲ ਵੈੱਬਸਾਈਟ https://baanknet.com 'ਤੇ ਪ੍ਰਦਾਨ ਕੀਤੇ ਈ-ਨਿਲਾਮੀ ਪਲੇਟਫਾਰਮ ਦੇ ਮਾਧਿਅਮ ਰਾਹੀਂ ਕੀਤੀ ਜਾਵੇਗੀ।

ਕਰਜ਼ਦਾਰ/ਗਾਰੰਟਰ ਦਾ ਨਾਂ	ਪ੍ਰਾਪਰਟੀ ਦਾ ਵੇਰਵਾ	ਡਿਮਾਂਡ ਨੋਟਿਸ ਦੀ ਮਿਤੀ ਤੇ ਉਸ ਵਿਚ ਵਰਣਤ ਬਕਾਇਆ ਰਕਮ	ਰਾਖਵੀਂ ਕੀਮਤ / ਬਿਆਨਾ ਰਕਮ / ਬੋਲੀ ਵਾਧਾ ਰਕਮ	ਅਧਿਕਾਰਤ ਅਫਸਰ ਅਤੇ ਬ੍ਰਾਂਚ ਹੈੱਡ ਦਾ ਨਾਂ ਤੇ ਸੰਪਰਕ ਵੇਰਵਾ	ਸੇਵਾਪ੍ਰਦਾਤਾ ਲਈ ਕਿਊਆਰ ਕੋਡ
ਕਰਜ਼ਦਾਰ: ਸ੍ਰੀ ਧਰਮ ਸਿੰਘ ਪੁੱਤਰ ਸ੍ਰੀ ਗੁਰਦੇਵ ਸਿੰਘ ਅਤੇ ਪਰਮਜੀਤ ਕੌਰ ਪਤਨੀ ਸ੍ਰੀ ਧਰਮ ਸਿੰਘ ਅਤੇ ਗਾਰੰਟਰ ਸ੍ਰੀ ਸਾਹਿਲ ਸਿੰਘ ਪੁੱਤਰ ਸ੍ਰੀ ਧਰਮ ਸਿੰਘ, ਸਾਰੇ ਨਿਵਾਸੀ ਮਕਾਨ ਨੰ. 273/1, ਵਾਰਡ ਨੰ. 3, ਦਲੀਚੀ ਮੁਹੱਲਾ, ਸਰਹਿੰਦ, ਜ਼ਿਲ੍ਹਾ ਫਤਹਿਗੜ੍ਹ ਸਾਹਿਬ।	ਰਿਹਾਇਸ਼ੀ ਜਾਇਦਾਦ ਨੰਬਰ 98, 105 ਖੇਵਟ/ਖਤੌਨੀ ਨੰਬਰ 293/405, 406, ਖਸਰਾ ਨੰ. 45//12(8-0), 13/1(2-8), 18/3(2-8), 19(8-0), 21/2(2-7), 22/1(5-12), 23/1(1-12), 28//19(3-12), 11/1(1-7), 11/2(6-11), 12/1(1-11), 20/1(0-12), 29//6/1(0-4), 6/2(7-9), 15/1(1-2), 15/2(5-15), 16/1(0-13), 337(0-14), ਆਦੀਟਮ-18, ਕੁੱਲ 61 ਕਨਾਲ 17 ਮਰਲਾ ਜਿਸ ਵਿਚੋਂ 7% /1237 ਹਿੱਸਾ ਭਾਵ 0-7½ ਮੰਰਲੇ (218 ਵਰਗ ਗਜ਼) ਸਾਲ 2021-22 ਲਈ ਸਮੂੰਬੰਦੀ ਅਨੁਸਾਰ ਪਿੰਡ ਸਰਹਿੰਦ ਤਹਿਸੀਲ ਅਤੇ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਿਖੇ ਸਥਿਤ ਹੈ, ਜਿਸ ਦੀ ਵਿਕਰੀ ਡੀਡ/ਦਸਤਾਵੇਜ਼ ਨੰਬਰ 2024-25/26/1/1541 ਮਿਤੀ 19.08.2024 ਸਬ-ਰਜਿਸਟਰਾਰ, ਫਤਹਿਗੜ੍ਹ ਸਾਹਿਬ ਦੇ ਦਫਤਰ ਵਿਚ ਰਜਿਸਟਰਡ ਹੈ ਅਤੇ ਵਿਕਰੀ ਡੀਡ ਦੇ ਅਨੁਸਾਰ ਉਪਰੋਕਤ ਜਾਇਦਾਦ ਸਰਿਕਾਰਯੋਗ ਤੌਰ 'ਤੇ ਹੇਠ ਲਿਖੇ ਅਨੁਸਾਰ ਸੀਮਾਬੰਧ ਹੈ:- ਪੂਰਬ: ਪਲਾਟ ਨੰ. 99, 104, ਬਹੀ ਪਲਾਟ 72', ਪੰਛਮ: ਪਲਾਟ ਨੰ. 97, 106, ਬਹੀ ਪਲਾਟ 72', ਉੱਤਰ: ਰਸਤਾ, ਬਹੀ ਪਲਾਟ 27'-3", ਦੱਖਣ: ਰਸਤਾ ਬਹੀ ਪਲਾਟ 27'3" **(ਕਬਜ਼ੇ ਦੀ ਕਿਸਮ ਸਿੰਬੋਲਿਕ)**	**ਡਿਮਾਂਡ ਨੋਟਿਸ ਮਿਤੀ 06.11.2025, 21.07.2026 ਨੂੰ 26,55,380.43 ਰੁਪਏ** ਜਮ੍ਹਾਂ ਵਿਆਜ ਅਤੇ ਉਸ ਤੋਂ ਬਾਅਦ ਦੀਆਂ ਹੋਰ ਲਾਗਤਾਂ	**28,20,000/- ਰੁਪਏ** **2,82,000/- ਰੁਪਏ** **30,000/- ਰੁਪਏ**	**ਭੂਪਿੰਦਰ ਸਿੰਘ (ਅਧਿਕਾਰਤ ਅਧਿਕਾਰੀ) ਮੋਬਾਈਲ: 9039071173** **ਰਨਵੀਰ ਕੌਰ ਬ੍ਰਾਂਚ ਹੈੱਡ ਮੋਬਾਈਲ: 8146253906**	

ਵਿਸਤ੍ਰਿਤ ਪ੍ਰਤੀਬੰਧ ਤੇ ਸ਼ਰਤਾਂ ਲਈ ਕਿਰਪਾ ਕਰਕੇ ਵੇਖੋ ਅਤੇ ਹਵਾਲਾ ਲਿਆ ਜਾਵੇ- **https://punjabandsind.bank. and online auction portal https://baanknet.com**

ਉਕਤ ਮਿਤੀ ਨੂੰ ਈ-ਨਿਲਾਮੀ ਵਿਕਰੀ ਸੰਚਾਲਿਤ ਕਰਨ ਬਾਰੇ ਉਕਤ ਲੋਨ ਦੇ ਕਰਜ਼ਦਾਰ/ਗਾਰੰਟਰਾਂ ਲਈ ਸਿਕਿਓਰਿਟੀ ਇੰਟਰਸਟ (ਐਨਫੋਰਸਮੈਂਟ) ਰੂਲਜ਼, 2002 ਦੇ ਰੂਲ 8(6)/ਰੂਲ 9(1) ਦੇ ਰਹਿਤ 30 ਦਿਨਾਂ ਦਾ ਵਿਧਾਨਕ ਨੋਟਿਸ ਸਮਝਿਆ ਜਾਵੇ।

ਮਿਤੀ: 29.07.2026 **ਥਾਂ: ਪੰਜੌਲੀ ਕਲਾਂ** **ਅਧਿਕਾਰਤ ਅਫਸਰ, ਪੰਜਾਬ ਐਂਡ ਸਿੰਧ ਬੈਂਕ।**

Punjabi Tribune Dt. 30.07.2026